# ਸੈਕੂਲਰਵਾਦ ਦਾ ਫਲਸਫ਼ਾਨਾ ਅਧਾਰ ਅਤੇ ਹਿੰਦੋਸਤਾਨੀ ਪ੍ਰੰਪਰਾ

ਸਤਾਰਵੀਂ ਤੇ ਅਠਾਰਵੀਂ ਸਦੀ ਦੇ ਯੋਰਪ ਵਿਚ ਜੋ ਰੌਸ਼ਨਖਿਆਲੀ ਅਤੇ ਮੁਕਤੀ ਦੀ ਲਹਿਰ ਚੱਲੀ ਸੈਕੂਲਰਵਾਦ ਉਸਦਾ ਇਕ ਅਟੁੱਟ ਹਿਸਾ ਸੀ। ਲੋਕਾਂ ਦੀ ਜ਼ਮੀਰ ਅਤੇ ਸੋਚ ਨੂੰ ਚਰਚ ਅਤੇ ਸਟੇਟ ਦੀ ਜਕੜ ਵਿਚੋਂ ਬਾਹਰ ਕੱਢਣ ਲਈ ਇਹ ਇਕ ਅਜੇਹਾ ਵਿਦ੍ਰੋਹ ਸੀ ਜਿਸਨੇ ਚਰਚ ਅਤੇ ਸਟੇਟ ਨੂੰ ਅਲੱਗ ਅਲੱਗ ਕਰਨ ਅਤੇ ਲੋਕਾਂ ਦੇ ਜ਼ਮੀਰ ਦੇ ਹੱਕ ਦਾ ਹੋਕਾ ਦਿੱਤਾ ਅਤੇ ਅਵਾਜ਼ ਉਠਾਈ ਕਿ ਵਿਦਿਆ ਅਤੇ ਵਪਾਰ ਦੇ ਖੇਤਰਾਂ ਵਿਚੋਂ ਵੀ ਧਰਮ ਦੀ ਮੁਦਾਖ਼ਲਤ ਨੂੰ ਖ਼ਤਮ ਕੀਤਾ ਜਾਵੇ ਅਤੇ ਲੋਕਾਂ ਦੀ ਜ਼ਿੰਦਗੀ ਦੇ ਹੋਰ ਸਾਰੇ ਪਹਿਲੂਆਂ ਚੋਂ` ਵੀ ਚਰਚ ਦਖ਼ਲਅੰਦਾਜ਼ੀ ਵੀ ਬੰਦ ਹੋਵੇ। ਸ਼ਹਿਨਸ਼ਾਹੀਅਤ ਅਤੇ ਏਕਾ-ਅਧਿਕਾਰਵਾਦ ਦੇ ਖ਼ਿਲਾਫ਼ ਲੜਨ ਵਾਲੀ ਇਨਕਲਾਬੀ ਬੁਰਜੁਆਜ਼ੀ ਦੇ ਨਜ਼ਰੀਏ ਨੂੰ ਮਾਰ ਇਸ ਗਲੋਂ ਪਈ ਕਿਉਂਕਿ ਇਹ ਆਪਣੀ ਤੰਗਨਜ਼ਰੀ, ਸਵਾਰਥੀਪੁਣੇ ਅਤੇ ਪੱਖਬਾਜ਼ੀ ਨੂੰ ਨਹੀਂ ਸੀ ਛੱਡ ਸਕਦੀ। ਇਸ ਲਈ ਜਿਉਂ ਹੀ ਇਹ ਸਿਆਸੀ ਤਾਕਤ ਤੇ ਜੱਫ਼ਾ ਮਾਰ ਗਈ ਅਤੇ ਯੋਰਪ ਦੇ ਵੱਖ ਵੱਖ ਮੁਲਕਾਂ ਵਿਚ ਇਸਨੇ ਨੇਸ਼ਨ ਸਟੇਟਾਂ ਸਥਾਪਤ ਕਰ ਲਈਆਂ ਤਾਂ ਇਸਨੇ ਸੈਕੂਲਰਵਾਦ ਨੂੰ ਫਿਰ ਬਿਲਕੁਲ ਪੁੱਠੇ ਢੰਗ ਨਾਲ ਵਰਤਣਾਂ ਸ਼ੁਰੂ ਕਰ ਦਿਤਾ ਤੇ ਏਕਾ-ਅਧਿਕਾਰਵਾਦ ਵਿਰੋਧੀ ਜਦੋਜਹਿਦ ਨੂੰ ਹੋਰ ਅੱਗੇ ਲਿਜਾਣ ਦੇ ਇਕ ਵਸੀਲੇ ਦੀ ਥਾਂ ਇਸ ਨੂੰ ਲੋਕਾਂ ਦੀ ਜ਼ਮੀਰ ਦੇ ਹੱਕ ਵਿਚ ਦਖ਼ਲ ਦੇਣ ਦਾ ਇਕ ਹਥਿਆਰ ਬਣਾ ਲਿਆ।

ਬੁਰਜੁਆਜ਼ੀ ਦੇ ਸਵਾਰਥੀਪੁਣੇ ਅਤੇ ਪੱਖਬਾਜ਼ੀ ਦੇ ਮਾਰੇ ਹੋਏ ਸੈਕੂਲਰਵਾਦ ਦੀ ਫਲਸਫਾਨਾ ਬੁਨਿਆਦ ਬੁਰਜੁਆ ਤੰਗਨਜ਼ਰੀ ਅਤੇ ਹੌਬਸਵਾਦੀ ਨਜ਼ਰੀਆ ਸੀ ਜਿਸ ਅਨੁਸਾਰ ਇਕ ਬੰਦਾ ਦੂਸਰੇ ਨਾਲੋਂ ਬਿਲਕੁਲ ਅਲੱਗ ਹੈ ਤੇ ਇਨਸਾਨਾਂ ਦੀ ਆਪਸ ਵਿਚ ਕੋਈ ਸਾਂਝ ਨਹੀਂ ਬਲਕਿ ਮੁਕਾਬਲਾ ਹੈ। ਇਸ ਮੁਕਾਬਲੇ ਵਿਚ ਸਾਰੇ ਇਨਸਾਨ ਸਦਾ ਇਕ ਦੂਜੇ ਦੇ ਖ਼ਿਲਾਫ਼  ਲੜਦੇ ਹਨ ਤੇ ਸਾਰਿਆਂ ਦੀ ਸੋਚ ਇਕ ਦੂਸਰੇ ਦੀ ਮੁਖ਼ਾਲਿਫ਼ ਹੈ, ਇਸ ਕਰਕੇ ਲਾਜ਼ਮੀ ਹੈ ਕਿ ਇਕ ਬੰਦੇ ਨੂੰ ਆਪਣੀ ਜ਼ਮੀਰ ਦਾ ਹੱਕ ਦੂਸਰੇ ਬੰਦੇ ਦੀ ਜ਼ਮੀਰ ਦੇ ਹੱਕ ਨੂੰ ਮਾਰਕੇ ਹੀ ਮਿਲਣਾ ਹੈ। ਤੇ ਸਟੇਟ ਕਿਉਂਕਿ ਜ਼ਮੀਰ ਦੇ ਹੱਕ ਦੀ ਸਾਰਿਆਂ ਨੂੰ ਗਰੰਟੀ ਦੇਣ ਵਾਲੀ ਸਾਲਸ ਹੈ ਇਸ ਕਰਕੇ ਇਸ ਨੂੰ ਹਰੇਕ ਦੀ ਜ਼ਮੀਰ ਦੇ ਹੱਕ ਵਿਚ ਦਖ਼ਲ ਦੇਣ ਦਾ ਅਖਤਿਆਰ ਹੈ। ਸਿਟੇ ਵਜੋਂ ਕਾਲਵਿਨ ਤੇ ਉਸਦੇ ਪੈਰੋਕਾਰ ਉਨ੍ਹਾਂ ਲੋਕਾਂ ਨੂੰ ਜਿਉਂਦਿਆਂ ਅੱਗਾਂ ਵਿਚ ਸਾੜ ਸਕੇ ਜਿਨ੍ਹਾਂ ਨੂੰ ਉਹ ਕਾਫ਼ਰ ਸਮਝਦੇ ਸਨ। ਦੂਸਰੇ ਲੋਕਾਂ ਨੂੰ ਅਧੀਨ ਕਰਕੇ ਆਪਣੇ ਸਾਮਰਾਜ ਸਥਾਪਤ ਕਰਨ ਦੀ ਮੁਹਿੰਮ ਰਾਹੀਂ ਸੈਕੂਲਰਵਾਦੀ ਯੋਰਪੀਅਨ ਸਟੇਟਾਂ ਨੇ ਇਸਾਈ "ਮਸੀਹੇ" ਨੂੰ ਨਿਹਾਲ ਕਰਨ ਲਈ ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇ ਕਾਫ਼ਰ ਲੋਕਾਂ ਨੂੰ ਪਾਪਾਂ ਭਰੀ ਜ਼ਿੰਦਗੀ ਤੋਂ ਬਚਾਉਣ ਤੇ ਈਸਾਈ ਧਰਮ ਵਿਚ ਲਿਆਉਣ ਲਈ ਅਤੇ "ਯੋਰਪੀਅਨ ਸਭਿਅਤਾ" ਦੇ ਲਾਭ ਇਨ੍ਹਾਂ `ਕਾਫ਼ਰਾਂ` ਤੱਕ ਪਹੁੰਚਾਉਣ ਅਤੇ ਇਨ੍ਹਾਂ ਨੂੰ ਤਹਿਜ਼ੀਬ ਸਿਖਾਉਣ ਲਈ ਮਸੀਹੀ ਜਹਾਦ ਜਥੇਬੰਦ ਕੀਤੇ। ਇਸਦੇ ਨਾਲ ਹੀ ਲੱਖਾਂ ਹੀ ਔਰਤਾਂ ਨੂੰ ਯੋਰਪ ਵਿਚ ਚੁੜੇਲਾਂ ਕਹਿਕੇ ਮੌਤ ਦੇ ਘਾਟ ਉਤਾਰਿਆ ਗਿਆ।

ਮਨੁੱਖ ਦੇ ਹੱਕਾਂ ਦੀ ਬੁਰਜੁਆ ਪ੍ਰਿਭਾਸ਼ਾ ਦੇ ਫਲਸਫਾਨਾ ਆਧਾਰ ਬਾਰੇ ਗੱਲ ਕਰਦਿਆਂ ਕਾਰਲ ਮਾਰਕਸ ਨੇ ਦੱਸਿਆ ਸੀ, "ਆਓ ਇਕ ਪਲ ਲਈ  ਬੰਦੇ  ਦੇ ਕਥਿਤ ਹੱਕਾਂ ਦਾ ਜਾਇਜ਼ਾ ਇਨ੍ਹਾਂ ਦੀ ਅਸਲੀ ਸ਼ਕਲ ਵਿਚ ਲਈਏ। ਮਤਲਬ ਇਨ੍ਹਾਂ ਹੱਕਾਂ ਨੂੰ ਲੱਭਣ ਵਾਲਿਆਂ ਨੇ - ਭਾਵ ਉਤਰੀ ਅਮਰੀਕਨਾ ਅਤੇ ਫਰਾਂਸੀਸੀਆਂ ਨੇ- ਜਿਸ ਸ਼ਕਲ ਵਿਚ ਖ਼ੁਦ ਇਨ੍ਹਾਂ ਹੱਕਾਂ ਨੂੰ ਪੇਸ਼ ਕੀਤਾ ਸੀ। ਇਨ੍ਹਾਂ ਹੱਕਾਂ ਦਾ ਇੱਕ ਹਿਸਾ ਸਿਆਸੀ ਹੱਕ ਹਨ, ਭਾਵ ਉਹ ਹੱਕ ਜੋ ਦੂਜਿਆਂ ਨਾਲ ਰਲਕੇ ਹੀ ਇਸਤੇਮਾਲ ਕੀਤੇ ਜਾ ਸਕਦੇ ਹਨ। ਉਨ੍ਹਾਂ ਦਾ ਤੱਤ ਇਹ ਹੈ ਕਿ ਕਮਿਉਨਿਟੀ ਵਿਚ, ਖ਼ਾਸ ਕਰਕੇ ਸਿਆਸੀ ਕਮਿਉਨਿਟੀ ਵਿਚ, ਸ਼ਾਮਲ ਹੋ ਕੇ ਸਟੇਟ ਦੇ ਕੰਮਕਾਜ ਵਿਚ ਹਿਸਾ ਲਿਆਂ ਹੀ ਇਨ੍ਹਾਂ ਹੱਕਾਂ ਦਾ ਕੋਈ ਮਤਲਬ ਹੈ।" ਉਹ ਅੱਗੇ ਲਿਖਦਾ ਹੈ, "ਸਿਆਸੀ ਸਟੇਟ ਅਤੇ ਸਿਵਲ ਸੁਸਾਇਟੀ ਵਿਚਲੇ ਸਬੰਧਾਂ ਤੋਂ ਅਤੇ ਸਿਆਸੀ ਆਜ਼ਾਦੀ ਤੋਂ ਸੱਭ ਤੋਂ ਜ਼ਿਆਦਾ ਪਤਾ ਇਸ ਸਚਾਈ ਦਾ ਲਗਦਾ ਹੈ ਕਿ ਮਨੁਖਾਂ ਦੇ ਕਹੇ ਜਾਂਦੇ ਹੱਕ ਮਹਿਜ਼ ਸਿਵਲ ਸੁਸਾਇਟੀ ਦੇ ਮੈਂਬਰ ਦੇ ਹੱਕਾਂ ਤੋਂ ਵੱਧ ਹੋਰ ਕੋਈ ਸ਼ੈਅ ਨਹੀਂ- ਭਾਵ ਇਹ ਹੈ ਕਿ ਇਹ ਹੱਕ ਦੂਜੇ ਬੰਦਿਆਂ ਅਤੇ ਕਮਿਉਨਿਟੀ ਨਾਲੋਂ ਵੱਖਰੇ ਹੋ ਗਏ ਖ਼ੁਦਗਰਜ਼ ਬੰਦੇ ਦੇ ਹੱਕ ਹਨ "

"ਆਓ ਵੇਖੀਏ ਕਿ ਸਭ ਤੋਂ ਬਹੁਤਾ ਰੈਡੀਕਲ ਸੰਵਿਧਾਨ, ੧੭੯੩ ਦਾ ਸੰਵਿਧਾਨ, ਹੱਕਾਂ ਬਾਰੇ ਕੀ ਕਹਿੰਦਾ ਹੈਃ ਬੰਦੇ ਦੇ ਹੱਕਾਂ ਦੀ ਅਤੇ ਸ਼ਹਿਰੀਆਂ ਦੇ ਹੱਕਾਂ ਦੀ ਘੋਸ਼ਣਾਂ ਦਾ ਆਰਟੀਕਲ ੨ ਕਹਿੰਦਾ ਹੈਃ- "ਇਹ ਹੱਕ (ਕੁਦਰਤੀ ਅਤੇ ਅਭੰਗ ਹੱਕ) ਹਨ, ਬਰਾਬਰੀ ਦਾ ਹੱਕ, ਆਜ਼ਾਦੀ ਦਾ ਹੱਕ, ਸੁਰੱਖਿਆ ਦਾ ਹੱਕ, ਜਾਇਦਾਦ ਦਾ ਹੱਕ। ਆਜ਼ਾਦੀ ਕੀ ਹੈ? ਆਰਟੀਕਲ ਛੇ ਕਹਿੰਦਾ ਹੈਃ "ਆਜ਼ਾਦੀ ਉਹ ਸ਼ਕਤੀ ਹੈ ਜੋ ਬੰਦੇ ਨੂੰ ਕੁਝ ਵੀ ਕਰ ਸਕਣ ਦੀ ਖੁਲ੍ਹ ਦਿੰਦੀ ਹੈ ਬਸ਼ਰਤੇ ਕਿ ਇਸਦਾ ਦੂਸਰਿਆਂ ਦੇ ਹੱਕਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ।" ਮਨੁਖਾਂ ਦੇ ਹੱਕਾਂ ਦੀ ੧੭੯੧ ਦੀ ਘੋਸ਼ਣਾਂ ਅਨੁਸਾਰਃ "ਆਜ਼ਾਦੀ ਦਾ ਮਤਲਬ ਐਸਾ ਕੁਝ ਵੀ ਕਰ ਸਕਣ ਦੀ ਆਜ਼ਾਦੀ ਹੈ ਜੋ ਦੂਸਰਿਆਂ ਦਾ ਨੁਕਸਾਨ ਨਾ ਕਰੇ"। ਇਸ ਕਰਕੇ ਲਿਬਰਟੀ ਜਾਂ ਆਜ਼ਾਦੀ ਦਾ ਅਰਥ ਉਹ ਸਭ ਕੁਝ ਕਰ ਸਕਣ ਲਈ ਆਜ਼ਾਦ ਹੋਣਾਂ ਹੈ ਜਿਸਦਾ ਕਿਸੇ ਹੋਰ ਨੂੰ ਕੋਈ ਨੁਕਸਾਨ ਨਾ ਹੁੰਦਾ ਹੋਵੇ। ਜਿਸ ਹੱਦ ਅੰਦਰ ਰਹਿਕੇ ਚਲਣ ਦੀ ਹਰ ਕਿਸੇ ਨੂੰ ਆਜ਼ਾਦੀ ਹੈ ਇਹ ਹੱਦ ਕਾਨੂੰਨ ਮਿਥਦਾ ਹੈ ਬਿਲਕੁਲ ਉਸੇ ਤਰਾਂ ਜਿਵੇਂ ਸਰਹੱਦ ਮਿਥਣ ਲਈ ਇਕ ਕੰਧ ਕਰ ਦਈਦੀ ਹੈ। ਇਹ ਇਕ ਆਪਣੇ ਆਪ ਵਿਚ ਮਸਤ ਰਹਿਣ ਵਾਲੇ ਬੰਦੇ ਦੀ ਆਜ਼ਾਦੀ ਦਾ ਮੁਆਮਲਾ ਹੈ ...।"

ਮਾਰਕਸ ਨੇ ਇਹ ਵੀ ਦਸਿਆ ਸੀ ਕਿ, "ਹਰੇਕ ਤਰ੍ਹਾਂ ਦੀ ਆਜ਼ਾਦੀ ਦਾ ਅਰਥ ਇਨਸਾਨੀ ਦੁਨੀਆਂ ਅਤੇ ਰਿਸ਼ਤਿਆਂ ਨੂੰ ਸਿਰਫ਼ ਖ਼ੁਦ ਬੰਦੇ ਤੱਕ ਹੀ ਮਹਿਦੂਦ ਕਰਨਾ ਹੈ। ਸਿਆਸੀ ਆਜ਼ਾਦੀ ਦਾ ਮਤਲਬ ਇਕ ਪਾਸੇ ਤਾਂ ਬੰਦੇ ਨੂੰ ਸਿਵਲ ਸੁਸਾਇਟੀ ਦਾ ਮੈਂਬਰ ਬਣਾਕੇ ਇਕ ਖ਼ੁਦਗਰਜ਼ ਸੁਤੰਤਰ ਵਿਅਕਤੀ ਬਣਾ ਦੇਣਾਂ ਹੈ ਅਤੇ ਦੂਸਰੇ ਪਾਸੇ ਇਕ ਨਾਗਰਿਕ ਅਤੇ ਕਾਨੂੰਨ ਦੇ ਘੇਰੇ ਵਿਚ ਰਹਿਕੇ ਚੱਲਣ ਵਾਲਾ ਗੁਲਾਮ। ਜਦੋਂ ਅਸਲੀ, ਵਿਅਕਤੀਗਤ ਮਨੁੱਖ ਇਸ ਖ਼ਿਆਲੀ ਨਾਗਰਿਕ ਨੂੰ ਆਪਣੇ ਆਪ ਵਿਚ ਮੁੜਕੇ ਸਮੋ ਲਵੇਗਾ ਅਤੇ ਆਪਣੀ ਰੋਜ਼ਾਨਾ ਜ਼ਿੰਦਗੀ, ਆਪਣੇ ਵਿਸ਼ੇਸ਼ ਕੰਮਕਾਰ ਅਤੇ ਆਪਣੀ ਵਿਸ਼ੇਸ਼ ਸਥਿਤੀ ਵਿਚ ਮਾਣਸ-ਜ਼ਾਤ ਦਾ ਇਕ ਹਿਸਾ ਬਣਕੇ ਅਤੇ "ਆਪਣੀਆਂ ਤਾਕਤਾਂ" ਨੂੰ ਸਮਾਜੀ ਤਾਕਤਾਂ ਤਸਲੀਮ ਕਰਦਾ ਹੋਇਆ ਇਸ ਹਿਸਾਬ ਨਾਲ ਜਥੇਬੰਦ ਹੋਵੇਗਾ ਕਿ ਉਹ ਸਿਆਸੀ

ਤਾਕਤ ਦੇ ਪਿੜ ਵਿਚ ਸਮਾਜੀ ਤਾਕਤ ਨੂੰ ਆਪਣੇ ਆਪ ਨਾਲੋਂ ਵੱਖਰਾ ਨਹੀਂ ਸਮਝੇਗਾ ਸਿਰਫ਼ ਉਸ ਵੇਲੇ ਹੀ ਕਿਹਾ ਜਾ ਸਕੇਗਾ ਕਿ ਇਨਸਾਨ ਨੇ ਆਜ਼ਾਦੀ ਹਾਸਲ ਕਰ ਲਈ ਲਈ ਹੈ।"

ਬੰਦੇ ਨੂੰ ਬੰਦੇ ਨਾਲੋਂ ਪਾੜਨ ਅਤੇ ਇਨਸਾਨ ਨੂੰ ਇਨਸਾਫ਼ ਦੇ ਖ਼ਿਲਾਫ਼ ਖੜ੍ਹਾ ਕਰਨ ਵਾਲਾ ਸਿਵਲ ਸੁਸਾਇਟੀ ਅਤੇ ਸੈਕੂਲਰਵਾਦ ਦਾ ਇਹ ਫਲਸਫਾਨਾ ਆਧਾਰ ਹਿੰਦੋਸਤਾਨ ਵਿਚ ਚਲੀਆਂ ਆਉਂਦੀਆਂ ਵੱਖੋ ਵੱਖ ਪ੍ਰੰਪਰਾਵਾਂ ਵਿਚ ਜ਼ਾਹਰ ਕੀਤੇ ਗਏ ਇਨਸਾਨੀਅਤ ਦੇ ਸੰਕਲਪਾਂ ਦੇ ਬਿਲਕੁਲ ਉਲਟ ਜਾਂਦਾ ਹੈ। ਹਿੰਦੋਸਤਾਨ ਦੀਆਂ ਸਾਰੀਆਂ ਪ੍ਰੰਪਰਾਵਾਂ ਵਿਚ ਮੁੜ ਮੁੜ ਕੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਹਰੇਕ ਬੰਦਾ ਦੂਜਿਆਂ ਤੇ ਨਿਰਭਰ ਕਰਦਾ ਹੈ ਅਤੇ ਸਾਰਿਆਂ ਨੂੰ ਹਮੇਸ਼ਾਂ ਸਾਰਿਆਂ ਦੀ ਲੋੜ ਰਹਿੰਦੀ ਹੈ। ਵਿਅਕਤੀ ਅਤੇ ਭਾਈਚਾਰੇ ਵਿਚ ਅਟੁਟ ਰਿਸ਼ਤਾ ਹੈ ਅਤੇ ਇਕ ਦੇ ਬਗੈਰ ਦੂਸਰੇ ਦੀ ਹੋਂਦ ਰਹਿਣੀ ਵੀ ਮੁਸ਼ਕਲ ਹੈ। ਕੁਦਰਤ ਵਿਚ ਇਨਸਾਨੀ ਜੀਵ ਦੀ ਹੈਸੀਅਤ ਭਾਈਚਾਰੇ ਵਿਚ ਰਹਿਕੇ ਹੀ ਮੁਮਕਿਨ ਹੈ। ਵਿਅਕਤੀ ਦੀ ਹੋਂਦ ਸਮਾਜ ਵਿਚ ਰਹਿਕੇ ਹੀ ਮੁਮਕਿਨ ਹੈ ਤੇ ਇਸਦੇ ਬਗੈਰ ਬੰਦਾ ਬੰਦਾ ਬਣ ਹੀ ਨਹੀਂ ਸਕਦਾ। ਵਿਅਕਤੀਗਤ ਹੋਂਦ ਦੀ ਪਹਿਲੀ ਸ਼ਰਤ ਸਮਾਜ ਹੈ।

ਰਿਗਵੇਦ ਵਿਚ ਕਿਹਾ ਗਿਆ ਹੈ ਕਿ ਸਾਰੀ ਮਨੁਖਤਾ ਅਤੇ ਸਾਰੀ ਮਾਇਆ ਇਕੋ ਹੀ ਮੁੱਢ ਤੋਂ ਰਿਤਮ ਦੇ ਅਨੁਸਾਰ ਆਵਾਗਮਨ ਵਿਚ ਰਹਿੰਦੀ ਹੈ। ਰਿਗਵੇਦ ਸਾਰੀ ਕੁਦਰਤ ਅਤੇ ਮਨੁਖਤਾ ਦੀ ਸਾਂਝ ਅਤੇ ਸਾਰੀ ਮਾਇਆ ਦੀ ਸਮਾਸ਼ਰਿਤਾ ਜਾਂ ਸਾਂਝ ਦੀ ਗੱਲ ਕਰਦਾ ਹੈ। ਮਿਸਾਲ ਦੇ ਤੌਰ ਤੇ ਇਕ ਸ਼ਲੋਕ ਕਹਿੰਦਾ ਹੈ---

"ਸਾਨੂੰ ਇਕ ਦੂਸਰੇ ਨਾਲ ਮਿੱਠੀ ਬੋਲੀ ਨਾਲ ਬੋਲਣਾ ਚਾਹੀਦਾ ਹੈ । ਸੂਰਜ, ਆਸਮਾਨ,ਪਾਣੀ ਅਤੇ ਹੋਰ ਕੁਦਰਤ ਜਿਸ ਤਰਾਂ ਸਾਨੂੰ ਸਾਡੀ ਲੋੜ ਦੀਆਂ ਵਸਤਾਂ ਪਰੇਮ ਨਾਲ ਦਿੰਦੇ ਹਨ ਉਸੇ ਤਰਾਂ ਅਸੀਂ ਵੀ ਇਕ ਦੂਜੇ ਨਾਲ ਪ੍ਰੇਮ ਨਾਲ ਰਹੀਏ।" (ਰਿਗਵੇਦ ਮੰਡਲ ੪, ਸੁਕਤ ੫੭)

ਇਕ ਹੋਰ ਸ਼ਲੋਕ ਕਹਿੰਦਾ ਹੈ ਕਿ-

"ਜਿਸ ਤਰਾਂ ਜ਼ਮੀਨ ਅਤੇ ਸੂਰਜ ਰਿਤਮ ਦੇ ਮੁਤਾਬਕ ਆਪੋ ਆਪਣਾ ਕੰਮ ਕਰੀ ਜਾਂਦੇ ਹਨ ਇਸ ਗਿਆਨ ਨਾਲ ਸਾਨੂੰ ਇਕ ਦੂਜੇ ਨਾਲ ਵਰਤਣਾ ਅਤੇ ਆਪਣੀ ਖੁਸ਼ਹਾਲੀ ਲਈ ਆਪਣੇ ਕੰਮ ਕਰਨੇ ਚਾਹੀਦੇ ਨੇ।" (ਰਿਗਵੇਦ ਮੰਡਲ ੪ ਸੁਕਤਾ ੫੬)

ਰਿਗਵੇਦ ਦੇ ਸਾਰੇ ਮੰਡਲ ਇਸ ਨਜ਼ੀਰੀਏ ਦਾ ਪੱਖ ਪੂਰਦੇ ਨੇ ਅਤੇ ਉਸ ਵੇਲੇ ਦੇ ਲੋਕਾਂ ਦੀ ਸੋਚ ਨੂੰ ਜ਼ਾਹਿਰ ਕਰਦੇ ਹਨ।

ਉਪਨਿਸ਼ਾਦ ਅਤੇ ਹੋਰ ਪੁਰਾਤਨ ਪੁਸਤਕਾਂ ਵਿਚ ਵੀ ਲਿਖਿਆ ਹੋਇਆ ਹੈ ਕਿ ਸਾਰੇ ਮਨੁਖ ਇਕੋ ਮਿਟੀ ਤੋਂ ਬਣੇ ਹਨ। ਉਪਨਿਸ਼ਾਦਾਂ ਵਿਚ ਤਾਂ ਇਹ ਗੱਲ ਠੋਕ ਵਜਾ ਕੇ ਕਹੀ ਗਈ ਹੈ ਕਿ ਆਤਮਾ ਤੇ ਬ੍ਰਹਮਾ ਇਕ ਦੂਸਰੇ ਤੇ ਨਿਰਭਰ ਹਨ ਤੇ ਇਕ ਦੇ ਬਗੈਰ ਦੂਸਰੇ ਦੀ ਹੋਂਦ ਮੁਮਕਿਨ ਨਹੀਂ। ਕਥਾ ਉਪਨਿਸ਼ਾਦ ਵਿਚ ਲਿਖਿਆ ਮਿਲਦਾ ਹੈ ਕਿ ਃ-

੧) `ਜਿਵੇਂ ਅੱਗ ਹੈ, ਹੈ ਇਹ ਇਕ ਹੀ ਪਰ ਜਿਥੇ ਬਾਲਣ ਹੋਵੇ ਉਥੇ ਲੱਗ ਜਾਂਦੀ ਹੈ ਤੇ ਵੱਖਰੀ ਲਗਦੀ ਹੈ। ਇਸ ਲਈ ਉਹ (ਰੱਬ) ਵੀ ਇਕੋ ਹੈ ਤੇ ਹਰੇਕ ਮਨੁਖ ਵਿਚੋਂ ਉਸਦੀ ਹੀ ਸੂਰਤ ਦਿਸਦੀ ਹੈ ਪਰ ਨਾਲ ਹੀ ਇਸਦੀ ਆਪਣੀ ਆਜ਼ਾਦ ਹੋਂਦ ਵੀ ਹੈ।`

੨) `ਜਿਵੇਂ ਹਵਾ ਹੈ, ਸੰਸਾਰ ਵਿਚ ਹਵਾ ਇਕੋ ਹੀ ਹੈ ਪਰ ਜਿਸ ਅੰਦਰ ਵਿਚ ਵੜਦੀ ਹੈ ਉਸ ਵਿਚੋਂ ਹੀ ਲੱਭ ਜਾਂਦੀ ਹੈ। ਇਸ ਲਈ ਉਹ (ਰੱਬ) ਵੀ ਇਕੋ ਹੈ ਤੇ ਉਸਦੀ ਹੀ ਸੂਰਤ ਹਰੇਕ ਇਨਸਾਨ ਵਿਚੋਂ ਦਿਸਦੀ ਹੈ ਹਾਲਾਂਕਿ ਉਸਦੀ ਆਪਣੀ ਆਜ਼ਾਦਾਨਾ ਤੌਰ ਤੇ ਵੀ ਹੋਂਦ ਹੈ।`

੩) `ਜਿਵੇਂ ਸੂਰਜ, ਸਾਰੀ ਦੁਨੀਆਂ ਦੀ ਅੱਖ, ਬਾਹਰੀ ਖ਼ਰਾਬੀਆਂ ਜੋ ਅੱਖਾਂ ਨੂੰ ਦਿਸਦੀਆਂ ਹਨ, ਨਾਲ ਪਲੀਤ ਨਹੀਂ ਹੁੰਦਾ ਉਸੇ ਤਰ੍ਹਾਂ ਉਹ (ਰੱਬ) ਵੀ ਜੋ ਹਰ ਸ਼ੈਅ ਵਿਚ ਹਾਜ਼ਰ ਹੈ, ਦੁਨੀਆਂ ਦੀਆਂ ਤੰਗੀਆਂ ਤੇ ਬੁਰਾਈਆਂ ਦਾ ਉਸ ਤੇ ਕੋਈ ਅਸਰ ਨਹੀਂ ਕਿਉਂਕਿ ਉਸਦੀ ਆਜ਼ਾਦ ਹਸਤੀ ਵੀ ਹੈ।`

੪) `ਸਾਰਿਆਂ ਵਿਚ ਹਾਜ਼ਰ ਨਾਜ਼ਰ ਇਕੋ ਮਾਲਕ ਹੈ ਜਿਸ ਤੋਂ ਹਰ ਸ਼ੈਅ ਉਪਜਦੀ ਹੈ। ਸਿਆਣੇ ਉਹ ਹਨ ਜੋ ਉਸ ਨੂੰ ਆਪਣੇ ਅੰਦਰ ਸਮਝਦੇ ਹਨ। ਉਹ ਖੁਸ਼ ਰਹਿੰਦੇ ਹਨ ਤੇ ਬਾਕੀ ਭਟਕਦੇ ਹਨ।`

੫) `ਇਕੋ ਹੀ ਸਦੀਵੀ ਸੋਚਣਹਾਰ ਹੈ, ਜੋ ਗੈਰ-ਸਦੀਵੀ ਸੋਚਾਂ ਸੋਚਣ ਦੇ ਸਮਰੱਥ ਹੈ, ਬੇਸ਼ੱਕ ਉਹ ਹੈ ਇਕੋ ਹੀ ਪਰ ਸਾਰਿਆਂ ਦੀ ਇਛਾ ਪੂਰੀ ਕਰਦਾ ਹੈ। ਉਹ ਸਿਆਣੇ ਜੋ ਉਸ ਨੂੰ ਆਪਣੇ ਅੰਦਰੋਂ ਲੱਭ ਲੈਂਦੇ ਹਨ, ਉਨ੍ਹਾਂ ਨੂੰ ਸ਼ਾਂਤੀ ਮਿਲਦੀ ਹੈ ਬਾਕੀ ਭਟਕਦੇ ਹਨ।`

੬) `ਉਹ ਇਹ ਸਮਝਦੇ ਹੋਏ ਕਿ ਇਹ ਖੁਸ਼ੀ ਦੀ ਹੱਦ ਮਿਲ ਗਈ, ਕਹਿੰਦੇ ਹਨ, ਬੱਸ ਇਹੋ ਅਨੰਦ ਹੈ। ਪਰ ਮੈਨੂੰ ਇਹਨੂੰ ਕੀ ਸਮਝਾਂ? ਕੀ ਇਹ ਇਹਦੀ ਆਪਣੀ ਰੌਸ਼ਨੀ ਹੈ ਕਿ ਇਹ ਕਿਸੇ ਹੋਰ ਦੀ ਰੌਸ਼ਨੀ ਦੀ ਝਲਕ ਹੈ?`

੭) `ਸੂਰਜ ਨਹੀਂ ਚਮਕਦਾ, ਨਾਂ ਤਾਰੇ ਚਮਕਦੇ ਹਨ ਤੇ ਨਾਂ ਚੰਦ ਦੀ ਚਮਕ ਹੈ, ਨਾ ਬਿਜਲੀ ਵਿਚ ਚਮਕ ਹੈ ਤੇ ਨਾ ਹੀ ਅੱਗ ਵਿਚ ਆਪਣਾਂ ਕੁਝ ਹੈ। ਹਰ ਚੀਜ਼ ਵਿਚ ਉਸਦੀ ਹੀ ਚਮਕ ਹੈ, ਹਰ ਸ਼ੈਅ ਵਿਚ ਉਸਦਾ ਹੀ ਪਸਾਰਾ ਹੈ। ਉਸਦੀ ਹੀ ਰੌਸ਼ਨੀ ਹਰ ਚੀਜ਼

ਨੂੰ ਰੌਸ਼ਨ ਕਰਦੀ ਹੈ।`

ਉਹ ਸੋਚ ਦੇ ਧਾਰਨੀ ਜੋ ਉਸਦੀ (ਰੱਬ) ਹੋਂਦ ਨੂੰ ਨਹੀਂ ਵੀ ਸਵੀਕਾਰ ਕਰਦੇ ਜਿਵੇਂ ਕਿ ਚਾਰਵਾਕੀਏ, ਦੇਹਾਤਮਵਾਦੀਏ, ਕਸ਼ਾਨਵੰਗਰਵਾਦੀਏ, ਬੋਧੀ ਅਤੇ ਜੈਨੀ ਆਦਿ, ਇਹ ਸਾਰੇ ਵੀ ਇਹ ਜ਼ਰੂਰ ਮੰਨਦੇ ਹਨ ਸਾਰੇ ਇਨਸਾਨ ਇਕ ਦੂਸਰੇ ਨਾਲ ਜੁੜੇ ਹੋਏ ਹਨ, ਸੰਸਾਰ ਨਾਲ ਜੁੜੇ ਹੋਏ ਹਨ। ਅਸੀਂ ਸਾਰੇ ਇਕੋ ਮਿਟੀ ਦੇ ਬਣੇ ਹੋਏ ਹਾਂ ਤੇ ਇਕ ਦੂਸਰੇ ਤੇ ਨਿਰਭਰ ਹਾਂ।

ਮਹਾਂਵੀਰ ਜੈਨ ਨੇ ਐਲਾਨ ਕੀਤਾ ੳ-

"ਗੁਨਾਪ੍ਰਾਇਆਯਾਵਦ ਦ੍ਰਵਿਅਮ"

"ਅਣਗਿਣਤ ਅਨਿਖੜਵੇ ਗੁਣਾਂ ਦੇ ਸੰਗਰਿਹ ਦਾ ਨਾਮ ਤੱਤ ਹੈ ਅਤੇ ਸਾਰੀ ਕਾਇਨਾਤ ਸਾਰੀ ਇਨਸਾਨੀਅਤ ਇਸੇ ਤੱਤ ਦੀ ਪੈਦਾਵਾਰ ਹੈ। ਅਸੀਂ ਸਾਰੇ ਇਕੋ ਮਿਟੀ ਦੇ ਬਣੇ ਹੋਏ ਹਾਂ ਅਤੇ ਇਕ ਦੂਸਰੇ ਉਤੇ ਨਿਰਭਰ ਹਾਂ।"

ਬੁਧ ਦਾ ਦੱਸਿਆ ਹੋਇਆ ਅੱਸ਼ਟ ਮਾਰਗ ਵੀ ਇਸ ਗੱਲ ਦੀ ਪੂਰੀ ਤਸਦੀਕ ਕਰਦਾ ਹੈ ਕਿ ਸਾਰੇ ਇਨਸਾਨ ਬੁਨਿਆਦੀ ਤੌਰ ਤੇ ਇਕ ਦੂਸਰੇ ਤੇ ਨਿਰਭਰ ਹਨ ਅਤੇ ਉਹ ਗਿਆਨ ਅਤੇ ਖ਼ੁਸ਼ਹਾਲੀ ਇਕ ਦੁਜੇ ਨਾਲ ਰਲਕੇ ਹੀ ਹਾਸਲ ਕਰ ਸਕਦੇ ਹਨ।

ਮਹਾਂਭਾਰਤ ਦੇ ਅਨੁਸ਼ਾਸਨ ਪਰਵਾ ਵਿਚ ਵੀ ਇਹੋ ਨੁਕਤਾ ਉਠਾਇਆ ਗਿਆ ਹੈ ਕਿ ਇਨਸਾਨੀ ਜੀਵ ਇਕ ਦੂਸਰੇ ਉਤੇ ਨਿਰਭਰ ਹਨ ਅਤੇ ਸਾਰੀ ਕਾਇਨਾਤ ਸਾਰੀ ਮਾਇਆ, ਇਕ ਦੂਸਰੇ ਨਾਲ ਜੁੜੀ ਹੋਈ ਹੈ। ਵਿਅਕਤੀ, ਸਮੂਹ, ਸਮਾਜ, ਅਤੇ ਕੁਦਰਤ ਇਕ ਦੂਸਰੇ ਤੇ ਨਿਰਭਰ ਕਰਦੇ ਹਨ। ਇਕ ਦੇ ਬਗੈਰ ਦੂਸਰੇ ਦੀ ਵੀ ਹੋਂਦ ਨਹੀਂ ਰਹਿ ਸਕਦੀ।

ਸ਼ੰਕਰਾਚਾਰੀਆ ਵੀ ਇਸੇ ਸੰਕਲਪ ਦਾ ਧਾਰਨੀ ਹੈ ਤੇ ਡੱਟ ਕੇ ਕਹਿੰਦਾ ਹੈ ਕਿ ਸਾਰੀ ਕਾਇਨਾਤ, ਸਾਰੇ ਜੀਵ, ਇਕ ਦੂਸਰੇ ਤੇ ਨਿਰਭਰ ਹਨ ਇਕ ਦੂਸਰੇ ਨਾਲ ਜੁੜੇ ਹੋਏ ਹਨ, ਅਤੇ ਇਹ ਹਕੀਕਤ ਨਾ ਵੇਖ ਸਕਣਾਂ ਅਗਿਆਨਤਾ ਹੈ, ਜਹਾਲਤ ਹੈ। ਉਪਨਿਸ਼ਾਦ ਦੀ ਪ੍ਰੰਪਰਾ ਨੂੰ ਅੱਗੇ ਲਿਜਾਂਦੇ ਹੋਏ ਸੰਕਰਾ ਕਹਿੰਦਾ ਹੈ ਕਿ ਸਾਰੀ ਕਾਇਨਾਤ, ਕੁਦਰਤ, ਅਤੇ ਕੁਦਰਤ ਦੀ ਹਰ ਚੀਜ਼ ਦਾ ਆਪਸ ਵਿਚ ਤੱਤ-ਸ਼ਾਸਤਰੀ ਸੰਬੰਧ ਹੈ, ਸਾਰਿਆਂ ਦਾ ਤੱਤ ਇਕੋ ਹੈ। ਸਾਰਿਆਂ ਦਾ ਸੋਮਾ ਇਕੋ ਹੈ।

ਉਹ ਆਤਮਬੋਧ ਵਿਚ ਦੱਸਦਾ ਹੈੳ

"ਮੋਲ ਅਭਿਲਾਸ਼ੀ, ਸਾਰੀ ਜਾਣਕਾਰੀ ਦਾ ਮਾਲਕ, ਸਿਆਣਪ ਦੀ ਅੱਖ ਨਾਲ ਵੇਖ ਲੈਂਦਾ ਹੈ ਕਿ ਹੈਰ ਸ਼ੈਅ ਉਸ ਵਿਚ ਬਿਰਾਜਮਾਨ ਹੈ। ਉਹ ਸਿਰਫ਼ ਇਕੋ ਹੈ ਤੇ ਸਾਰੇ ਉਸ ਵਿਚ ਹਨ। ਇਹ ਸਾਰੀ ਸਰਿਸ਼ਟੀ, ਇਹ ਸਾਰੀ ਚਲਦੀ ਕਾਇਨਾਤ ਉਸਦਾ ਪ੍ਰਗਟਾਵਾ ਹੈ। ਇਸਦੇ ਬਗੈਰ ਉਹ ਹੋਰ ਕੁਝ ਵੀ ਨਹੀਂ। ਸਾਰੇ ਭਾਂਡੇ ਇਕੋ ਮਿਟੀ ਦੇ ਬਣੇ ਹੋਏ ਹਨ, ਸਾਰੇ ਉਸਦਾ ਸਰੂਪ ਹਨ।"

ਭਗਤੀ ਲਹਿਰ ਵੀ ਇਨਸਾਨੀ ਸੰਕਲਪ ਦੀ ਇਸੇ ਸੋਚ ਦੀ ਕਾਇਲ ਸੀ ਤੇ ਇਸੇ ਸੰਕਲਪ ਦੀ ਤਸਦੀਕ ਕਰਦੀ ਸੀ ਕਿ ਸਾਰੇ ਇਨਸਾਨ ਇਕੋ ਹਨ ਤੇ ਇਕ ਦੂਸਰੇ ਨਾਲ ਜੁੜੇ ਹੋਏ ਹਨ। ਅੰਦਲ, ਕਬੀਰ, ਨਾਨਕ, ਤੁਕਾ ਰਾਮ, ਤੁਲਸੀ, ਸੂਰਦਾਸ, ਸ਼ਾਹ ਹੁਸੈਨ, ਵਾਰਸ਼ ਸ਼ਾਹ, ਸੁਲਤਾਨ ਬਾਹੂ ਅਤੇ ਹੋਰ ਪੀਰ ਫ਼ਕੀਰ ਇਸੇ ਗੱਲ ਤੇ ਜ਼ੋਰ ਦਿੰਦੇ ਰਹੇ ਹਨ ਕਿ ਸਾਰੇ ਇਨਸਾਨ ਇਕ ਦੂਸਰੇ ਨਾਲ ਸਬੰਧਤ ਹਨ ਤੇ ਇਕ ਦੂਸਰੇ ਦੇ ਬਗੈਰ ਇਨਸਾਨੀ ਜੀਵਾਂ ਦੀ ਹੋਂਦ ਅਸੰਭਵ ਹੈ।

ਬਾਬਾ ਨਾਨਕ ਐਲਾਨੀਆਂ ਕਹਿੰਦਾ ਹੈ,

"ਬਿਸਰ ਗਈ ਸੱਭ ਪ੍ਰੀਤ ਪਰਾਈ, ਜਬ ਸੇ ਸਾਧ ਸੰਗਤ ਮੈਂ ਪਾਈ,
ਨਾ ਕੋਈ ਅਪਨਾ ਨਾ ਹੀ ਬੇਗਾਨਾ ਸਗਲ ਸੰਗਤ ਹਮ ਕੋ ਬਨ ਆਈ
ਸਭ ਮੋਂ ਰਵ ਰਹਿਆ ਪ੍ਰਭ ਇਕੋ ਈ, ਕੋਟੀ ਕੋਟੀ ਨਾਨਕ ਬਿਗਸਾਈ"

ਭਾਵ ਜਦੋਂ ਦੀ ਮੈਨੂੰ ਸਾਧ ਸੰਗਤ (ਵਿਦਵਾਨਾ ਦਾ ਇਕੱਠ) ਲੱਭ ਪਈ ਹੈ ਤੇ ਗਿਆਨ ਹਾਸਲ ਹੋ ਗਿਆ ਹੈ, ਹੁਣ ਕੋਈ ਪ੍ਰਾਇਆ ਨਹੀਂ ਰਿਹਾ ਸਾਰਾ ਜੱਗ ਆਪਣਾ ਹੈ। ਹੇ ਨਾਨਕ ਸਾਰਿਆਂ ਵਿਚ ਉਹੋ ਵਸਦਾ ਹੈ ਜਿਸਦੀਆਂ ਅਨੇਕ ਸੂਰਤਾਂ ਹਨ।

"ਹਰ ਨੇ ਹਰ ਮੋਂ ਰੂਪ ਸਮਾਇਆ, ਵੋਹੀ ਵੋਹੀ ਨਾ ਦੂਜਾ ਕੋਈ"
(ਸਾਰਿਆਂ ਅੰਦਰ ਇਕੋ ਹਰੀ ਦਾ ਵਾਸਾ ਹੈ)

"ਗੁਰਾਂ ਇਕ ਦੇਹ ਬੁਝਾਈ ਸਭਨਾ ਜੀਆਂ ਕਾ ਇਕੋ ਦਾਤਾ ਸੋ ਮੈਂ ਵਿਸਰ ਨਾ ਜਾਈ"
(ਸਾਰਿਆਂ ਵਿਚ ਇਕੋ ਹੀ ਗੁਰੂ ਦਾ ਪਸਾਰਾ ਹੈ)

ਤੁਲਸੀ ਦਾਸ ਦੱਸਦਾ ਹੈੳ-

"ਏਕ ਪਿਤਾ ਕੇ ਵਿਕੁਲ ਕੁਮਾਰਾ"
(ਸਾਰਿਆਂ ਦਾ ਜੀਵਨ ਸਰੋਤ ਇਕੋ ਹੈ)

ਕਬੀਰ ਕਹਿੰਦਾ ਹੈ,

"ਜੀਵ ਰੂਪ ਯਕ ਅੰਤਰ ਵਾਸਾ, ਅੰਤਰਜੋਤੀ ਕਿਨਹ ਪਰਗਾਸਾ,
ਤੁਮ ਹਮ, ਹਮ ਤੁਮ, ਔਰ ਨਾ ਕੋਈ, ਤੁਮ ਮੋਰ ਪੁਰਸ਼ ਹਮੇ ਤੋਰੀ ਜੋਈ"
(ਸਾਰਿਆਂ ਦੇ ਅੰਦਰ ਇਕ ਹੀ ਰੱਬ ਵਸਦਾ ਹੈ। ਇਕੋ ਹੀ ਰੌਸ਼ਨੀ ਸਾਰੀਆਂ ਰੌਸ਼ਨੀਆਂ ਨੂੰ ਜਨਮ ਦਿੰਦੀ ਹੈ, ਤੂੰ ਮੈਂ ਵਿਚ ਤੇ ਮੈਂ ਤੂੰ ਵਿਚ। ਤੂੰ ਮੇਰਾ ਪਤੀ ਤੇ ਮੈਂ ਤੇਰੀ ਪਤਨੀ।)

ਸੁਲਤਾਨ ਬਾਹੂ ਕਹਿੰਦਾ ਹੈ ਃ-
"ਅਲਫ਼ ਅੱਲਾ ਚੰਬੇ ਦੀ ਬੂਟੀ ਮੁਰਸ਼ਦ ਦਿਲ ਵਿਚ ਲਾਈ ਹੂ,
ਅੰਦਰ ਬੂਟੀ ਬਾਹਰ ਬੂਟੀ, ਬੂਟੀ ਸ਼ੋਰ ਮਚਾਇਆ ਹੂ"
(ਅੱਲਾ, ਪਹਿਲੇ ਉਸਤਾਦ ਨੇ ਮੇਰੇ ਦਿਲ ਵਿਚ ਬੂਟਾ ਲਾਇਆ। ਮੇਰੇ ਅੰਦਰ ਵੀ ਤੇ ਬਾਹਰ ਵੀ ਇਸੇ ਬੂਟੇ ਦਾ ਜਲਵਾ ਹੈ)

ਬੁਲੇ ਸ਼ਾਹ ਫਰਮਾਉਂਦਾ ਹੈਃ-

"ਤੱਕ ਬੁੱਝ ਕੌਣ ਛੁਪ ਆਇਆ ਹੈ
ਦੂਈ ਦੂਰ ਕਰੋ ਕੋਈ ਸ਼ੋਰ ਨਹੀਂ,
ਇਹ ਤੁਰਕ, ਹਿੰਦੂ ਕੋਈ ਹੋਰ ਨਹੀ,
ਸਭ ਸਾਧ ਕਹੋ, ਕੋਈ ਚੋਰ ਨਹੀਂ
ਹਰ ਘਟ ਵਿਚ ਆਪ ਸਮਾਇਆ ਹੈਂ"
(ਵੇਖ ਪਤਾ ਕਰ ਕੌਣ ਆਇਆ ਈ। ਬੇਗਾਨਗੀ ਛੱਡਕੇ ਵੇਖ ਤੁਰਕ ਤੇ ਹਿੰਦੂ ਵਿਚ ਕੋਈ ਫ਼ਰਕ ਨਹੀਂ, ਸਾਰੇ ਸਾਧ ਈ ਨੇ ਕੋਈ ਚੋਰ ਨਹੀਂ, ਸਾਰਿਆਂ ਅੰਦਰ ਉਹੋ ਵਸਦਾ ਏ।)

ਹਿੰਦੋਸਤਾਨ ਦੀਆਂ ਅਨੇਕਾਂ ਰਵਾਇਤਾਂ ਦੇ ਧਾਰਨੀ ਇਸ ਗੱਲ ਦੇ ਕਾਇਲ ਹਨ ਕਿ ਇਕ ਇਨਸਾਨ ਨੂੰ ਦੂਸਰੇ ਨਾਲੋਂ ਵੱਖ ਸਮਝਣਾਂ, ਵੱਖਰਾ ਕਰਕੇ ਵੇਖਣਾਂ, ਅਗਿਆਨਤਾ ਦੀ ਨਿਸ਼ਾਨੀ ਹੈ, ਜਹਾਲਤ ਦਾ ਸਬੂਤ ਹੈ। ਇਨਸਾਨ ਨੂੰ ਇਨਸਾਨ ਨਾਲੋਂ ਤੋੜਨਾ ਤੇ ਕਾਇਨਾਤ ਨਾਲੋਂ ਵੱਖਰਾ ਕਰਕੇ ਵੇਖਣਾਂ ਵਿਅਕਤੀ ਅਤੇ ਸਮਾਜ ਲਈ ਖ਼ਤਰਨਾਕ ਹੈ। ਇਸ ਤਰ੍ਹਾਂ ਕਰਨਾ ਸਿਆਣਪ ਨਹੀਂ ਜਹਾਲਤ ਹੈ। ਵਿਦਵਾਨ ਤੇ ਸਿਆਣੇ ਉਹ ਹਨ ਜੋ ਚੀਜ਼ਾਂ ਦੇ ਅਸਲੀ ਤੱਤ ਤੇ ਗੁਣ ਨੂੰ ਪਛਾਣਦੇ ਹਨ ਤੇ ਉਸ ਰਿਸ਼ਤੇ ਨੂੰ, ਉਸ ਲੜੀ ਨੂੰ ਵੇਖਣ ਦੇ ਸਮਰੱਥ ਹਨ ਜੋ ਇਨਸਾਨਾਂ ਨੂੰ ਇਨਸਾਨਾਂ ਨਾਲ ਅਤੇ ਕੁਦਰਤ ਨਾਲ ਜੋੜਦੀ ਹੈ।

ਸੈਕੂਲਰਵਾਦ ਅਤੇ ਸਿਵਲ ਸੁਸਾਇਟੀ ਦੀਆਂ ਧਾਰਨਾਵਾਂ ਦਾ ਬੁਨਿਆਦੀ ਫ਼ਲਸਫਾ ਹਿੰਦੋਸਤਾਨੀ ਰਵਾਇਤਾ ਅਤੇ ਪ੍ਰੰਪਰਾ ਦੇ ਉਲਟ ਦਿਸ਼ਾ ਵਿਚ ਚਲਦਾ ਹੈ। ਇਨਸਾਨੀ ਜੀਵ ਦਾ ਇਹ ਸੰਕਲਪ ਹਿੰਦੋਸਤਾਨੀ ਫਲਸਫ਼ੇ ਅਤੇ ਸੋਚ ਨਾਲ ਮੇਲ ਨਹੀਂ ਖਾਂਦਾ ਅਤੇ ਹਿੰਦੋਸਤਾਨੀ ਲੋਕਾਂ ਦੀ ਫਲਸਫ਼ਾਨਾ ਜ਼ਮੀਰ ਨਾਲ ਰਲਦਾ ਨਹੀਂ। ਕੁਦਰਤ-ਵਿਗਿਆਨ ਅਤੇ ਸਮਾਜੀ ਵਿਗਿਆਨ ਵਿਚ ਹੋਈ ਸਾਰੀ ਤਰੱਕੀ ਇਸ ਗੱਲ ਦੀ ਗਵਾਹ ਹੈ ਕਿ ਸਾਰੇ ਇਨਸਾਨ ਇਕ ਦੂਸਰੇ ਤੇ ਨਿਰਭਰ ਹਨ ਅਤੇ ਕੁਦਰਤ ਉਤੇ ਨਿਰਭਰ ਹਨ। ਅਸੀਂ ਸਾਰੇ ਇਕੋ ਮਾਦੇ ਦੇ ਬਣੇ ਹੋਏ ਹਾਂ ਅਤੇ ਸਾਡੀ ਹੋਂਦ ਇਕ ਦੂਸਰੇ ਦੇ ਆਸਰੇ ਹੈ। ਇਕ ਦੂਸਰੇ ਦੇ ਬਗੈਰ ਅਤੇ ਕੁਦਰਤ ਦੇ ਬਗੈਰ ਇਨਸਾਨ ਰਹਿ ਨਹੀਂ ਸਕਦਾ।

ਸੈਕੂਲਰਵਾਫਦ ਅਤੇ ਸਿਵਲ ਸੁਸਾਇਟੀ ਦੇ ਸੰਕਲਪ ਬਰਤਾਨਵੀਆਂ ਨੇ ਹਿੰਦੋਸਤਾਨੀਆਂ ਉਤੇ ਠੋਸੇ ਤਾਂ ਕਿ ਹਿੰਦੋਸਤਾਨ ਦੇ ਲੋਕ ਆਪਣੀ ਫ਼ਲਸਫ਼ਾਨਾ ਅਤੇ ਸਭਿਆਚਾਰਕ ਜ਼ਮੀਰ ਨੂੰ ਗੁਆ ਕੇ ਭੰਬਲਭੂਸੇ ਵਿਚ ਪੈਂਦੇ ਹੋਏ ਦਿਸ਼ਾਹੀਣ ਹੋ ਜਾਣ ਅਤੇ ਬ੍ਰਤਾਨਵੀ ਬਸਤੀਵਾਦੀ ਆਪਣੀ ਲੁਟ ਦਾ ਰਾਜੀ ਚਲਦਾ ਰੱਖ ਸਕਣ। ੧੯੪੭ ਦੇ ਬਾਅਦ ਹਿੰਦੋਸਤਾਨ ਦੇ ਦੇਸੀ ਹੁਕਮਰਾਨ, ਜੋ ਅੰਗਰੇਜ਼ਾਂ ਦੇ ਝੋਲੀਚੁਕ ਅਤੇ ਇਸਦੇ ਸੈਕੂਲਰਵਾਦ ਅਤੇ ਸਿਵਲ ਸੁਸਾਇਟੀ ਦੇ ਕਾਇਲ ਸਨ, ਇਸੇ ਰਾਹ ਤੇ ਚਲਦੇ ਰਹੇ ਤੇ ਬ੍ਰਤਾਨਵੀ ਬਸਤੀਵਾਦੀਆਂ ਦੇ ਸਥਾਪਤ ਕੀਤੇ ਹੋਏ ਅਦਾਰੇ ਪਾਰਲੀਮੈਂਟਰੀ, ਆਰਮੀ, ਪੁਲਿਸ, ਤਾਲੀਮੀ ਸਿਸਟਮ, ਜੁਡੀਸ਼ਰੀ, ਆਦਿ ਦੇ ਬੁਨਿਆਦੀ ਢਾਂਚੇ ਨੂੰ ਕਾਇਮ ਰੱਖਿਆ ਤਾਂ ਕਿ ਬਸਤੀਵਾਦੀ ਮਾਲਕਾਂ ਵਾਂਗ ਇਨ੍ਹਾਂ ਦੇ ਵੀ ਗੱਫੇ ਲਗਦੇ ਰਹਿਣ ਤੇ ਤਜੌਰੀਆਂ ਭਰਦੀਆਂ ਰਹਿਣ। ਪਰ ਹਿੰਦੋਸਤਾਨੀ ਲੋਕਾਂ ਦੀ ਹਾਲਤ ਦਿਨ-ਬ-ਦਿਨ ਮੰਦੀ ਹੁੰਦੀ ਆਈ ਹੈ।

ਹਿੰਦੋਸਤਾਨ ਦੇ ਲੋਕਾਂ ਨੂੰ ਹੁਣ ਇਹ ਸਾਰੇ ਅਦਾਰੇ ਰੱਦ ਕਰਨੇ ਪੈਣਗੇ ਤਦ ਹੀ ਕੋਈ ਤਬਦੀਲੀ ਆ ਸਕਦੀ ਹੈ। ਬਸਤੀਵਾਦੀਆਂ ਦੇ ਠੋਸੇ ਹੋਏ ਅਦਾਰਿਆਂ, ਸੰਕਲਪਾਂ ਤੇ ਰਿਸ਼ਤਿਆਂ ਦਾ ਭੋਗ ਪਾਏ ਬਗੈਰ ਲੋਕਾਂ ਦੀ ਗਤੀ ਨਹੀਂ ਹੋ ਸਕਦੀ। ਲੋਕਾਂ ਨੂੰ ਨਵੇਂ ਅਦਾਰੇ, ਨਵੇਂ ਰਿਸ਼ਤੇ, ਅਤੇ ਨਵੀਂ ਉਸਾਰੀ ਕਰਨੀ ਪਵੇਗੀ ਜੋ ਉਨ੍ਹਾਂ ਦੀ ਆਪਣੀ ਫ਼ਲਸਫ਼ਾਨਾ ਜ਼ਮੀਰ ਦੇ ਅਨੁਸਾਰ ਹੋਣ ਜੋ ਸਰਬੱਤ ਦਾ ਭਲਾ ਮੰਗਦੀ ਹੈ ਤੇ ਕਹਿੰਦੀ ਹੈ ਕਿ ਸਾਰਿਆਂ ਦੀ ਭਲਾਈ ਦੇ ਬਗੈਰ ਕਿਸੇ ਦੀ ਭਲਾਈ ਸੰਭਵ ਨਹੀਂ। ਸੈਕੂਲਰਵਾਦ ਅਤੇ ਸਿਵਲ

ਸੁਸਾਇਟੀ ਦੇ ਸੰਕਲਪ ਇਸ ਸੋਚ ਦੇ ਉਲਟ ਹਨ। ਇਹ ਸਿਧਾਂਤਕ ਤੌਰ ਤੇ ਨਾਕਸ ਹਨ ਅਤੇ ਅਮਲ ਵਿਚ ਹਿੰਦੋਸਤਾਨ ਦੇ ਲੋਕਾਂ ਦੀ ਖ਼ੁਸ਼ਹਾਲੀ ਨੂੰ ਖ਼ਤਰਾ ਖੜ੍ਹਾ ਹਨ।